# ਪਹੁੰਚਯੋਗ ਟ੍ਰਾਂਜ਼ਿਟ

## ਤਰਜੀਹੀ ਸੀਟਾਂ

- ਅਪਾਹਜ ਲੋਕਾਂ, ਬਜ਼ੁਰਗਾਂ, ਗਰਭਵਤੀ ਲੋਕਾਂ ਜਾਂ ਮੋਬਿਲਟੀ ਦੇ ਮਸਲਿਆਂ ਵਾਲੇ ਲੋਕਾਂ ਜਾਂ ਗੱਡੀ ਦੇ ਚੱਲਦੀ ਹੋਣ ਦੌਰਾਨ ਖੜ੍ਹਨ ਦੀ ਸਮੱਸਿਆ ਵਾਲੇ ਲੋਕਾਂ ਲਈ ਤਰਜੀਹੀ ਸੀਟਾਂ ਟ੍ਰਾਂਜ਼ਿਟ ਦੇ ਸਾਰੇ ਰੂਪਾਂ ’ਤੇ ਉਪਲਬਧ ਹਨ।
- ਤਰਜੀਹੀ ਸੀਟਾਂ ਦੀ ਪਛਾਣ ਸੀਟ ਉਪਰ ਕੰਧ ’ਤੇ ਲੱਗੇ ਸਟਿੱਕਰਾਂ ਤੋਂ ਹੁੰਦੀ ਹੈ ਅਤੇ ਇਹ ਇਨ੍ਹਾਂ ਥਾਂਵਾਂ ’ਤੇ ਦੇਖੇ ਜਾ ਸਕਦੇ ਹਨ:
  - **ਸਕਾਈਟ੍ਰੇਨ:** ਦਰਵਾਜ਼ਿਆਂ ਦੇ ਨੇੜੇ ਦੀਆਂ ਸੀਟਾਂ
  - **ਬੱਸਾਂ:** ਡਰਾਈਵਰ ਦੇ ਸਭ ਤੋਂ ਨੇੜਲੀਆਂ ਦੋਨੋਂ ਪਾਸਿਆਂ ਦੀਆਂ ਸੀਟਾਂ
  - **ਕਮਿਊਨਟੀ ਸ਼ਟਲਾਂ:** ਡਰਾਈਵਰ ਦੇ ਪਾਸੇ ਦੀ ਪਹਿਲੀ ਅਤੇ ਆਖਰੀ ਕਤਾਰ





## ਲਿਫਟਾਂ ਅਤੇ ਰੈਮਪ

- ਸਾਰੀਆਂ ਟ੍ਰਾਂਸਲਿੰਕ ਬੱਸਾਂ ਅਤੇ ਕਮਿਊਨਟੀ ਸ਼ਟਲਾਂ ਲਿਫਟਾਂ ਅਤੇ ਰੈਮਪਾਂ ਨਾਲ ਲੈਸ ਹਨ ਜਿਹੜੇ ਵੀਲਚੇਅਰ ਦੀ ਪਹੁੰਚ ਵਾਲੇ ਕਿਸੇ ਵੀ ਸਟੌਪ ’ਤੇ ਮੰਗ ਕੀਤੇ ਜਾਣ ’ਤੇ ਡਰਾਈਵਰ ਵਲੋਂ ਕੱਢੇ ਜਾ ਸਕਦੇ ਹਨ।
- ਗਾਹਕਾਂ ਕੋਲ ਵੀਲਚੇਅਰ ਜਾਂ ਸਕੂਟਰ ਦੀ ਵਰਤੋਂ ਕਰਦੇ ਹੋਏ ਬੱਸ ਵਿਚ ਚੜ੍ਹਨ ਅਤੇ ਬਾਹਰ ਨਿਕਲਣ ਦੀ ਪ੍ਰੈਕਟਿਸ ਕਰਨ ਦਾ ਮੌਕਾ ਹੁੰਦਾ ਹੈ। ਕਿਸੇ ਇਨਸਟਰੱਕਟਰ ਨਾਲ ਸੰਪਰਕ ਕਰਨ ਲਈ ਅਤੇ ਟਰੇਨਿੰਗ ਦੀ ਅਪੌਇੰਟਮੈਂਟ ਬੁੱਕ ਕਰਨ ਲਈ **604.264.5420** ਨੂੰ ਫੋਨ ਕਰੋ।

## ਸੰਕੇਤ ਦੇਣ ਵਾਲੇ ਸਾਈਨ

- ਟ੍ਰਾਂਸਲਿੰਕ ਦੀ ਪ੍ਰਾਪਰਟੀ ਉੱਤਲੇ ਬੱਸ ਸਟੌਪਾਂ ’ਤੇ ਤੁਰਨ ਲਈ ਸੰਕੇਤ ਦੇਣ ਵਾਲੇ ਇੰਡੀਕੇਟਰ ਉਪਲਬਧ ਹਨ। ਇਹ ਘੱਟ ਨਜ਼ਰ ਵਾਲੇ ਗਾਹਕਾਂ ਦੀ ਬੱਸ ਸਟੌਪ ਦਾ ਖੰਭਾ ਅਤੇ ਬੱਸ ’ਤੇ ਚੜ੍ਹਨ ਵਾਲੀ ਥਾਂ ਲੱਭਣ ਵਿਚ ਮਦਦ ਕਰਨਗੇ।
- ਮੈਟਰੋ ਵੈਨਕੂਵਰ ਵਿਚ ਹਰ ਬੱਸ ਸਟੌਪ ’ਤੇ ਬ੍ਰੇਲ ਅਤੇ ਸੰਕੇਤ ਦੇਣ ਵਾਲੇ ਸਾਈਨ ਉਪਲਬਧ ਹਨ।


## ਐਲੀਵੇਟਰਜ਼ ਅਤੇ ਐਸਕਾਲੇਟਰਜ਼

- ਐਲੀਵੇਟਰਜ਼ ਅਤੇ ਐਸਕਾਲੇਟਰਜ਼ ਸਾਰੇ ਸਕਾਈਟ੍ਰੇਨ ਸਟੇਸ਼ਨਾਂ ’ਤੇ ਹਨ ਜੋ ਕਿ ਸਟੇਸ਼ਨ ਵਿਚ ਦਾਖਲੇ ਅਤੇ ਪਲੇਟਫਾਰਮਾਂ ਵਿਚਕਾਰ ਪੂਰੀ ਪਹੁੰਚ ਪ੍ਰਦਾਨ ਕਰਦੇ ਹਨ। ਕਿਰਪਾ ਕਰਕੇ ਇਹ ਚੀਜ਼ ਨੋਟ ਕਰੋ ਕਿ ਕੁਝ ਸਟੇਸ਼ਨਾਂ ’ਤੇ ਸਿਰਫ ਇਕ ਸੇਧ ਵਿਚ ਜਾਣ ਵਾਲੇ ਐਸਕਾਲੇਟਰਜ਼ ਹੀ ਹਨ।
- ਸਟੇਸ਼ਨਾਂ ਤੱਕ ਪਹੁੰਚ ਬਾਰੇ ਤਾਜ਼ਾ ਸਾਵਧਾਨੀਆਂ **translink.ca/alerts** ’ਤੇ ਦੇਖੀਆਂ ਜਾ ਸਕਦੀਆਂ ਹਨ।
- ਸਟੇਸ਼ਨਾਂ ਦੀ ਲੇਅਆਊਟਸ ਬਾਰੇ ਜਾਣਕਾਰੀ ਸਾਡੇ ਸਕੈਜੂਅਲਜ਼ ਐਂਡ ਮੈਪਸ ਵੈੱਬਪੇਜ ਦੇ ਸਕਾਈਟ੍ਰੇਨ ਸੈਕਸ਼ਨ ਹੇਠ **translink.ca/schedules-and-maps** ’ਤੇ ਦੇਖੀ ਜਾ ਸਕਦੀ ਹੈ।
- ਸਟੇਸ਼ਨਾਂ ਉੱਪਰ ਮਦਦ ਲਈ, ਕਿਰਪਾ ਕਰਕੇ ਨੇੜੇ ਦਾ ਸਕਾਈਟ੍ਰੇਨ ਅਟੈਂਡੈਂਟ, ਕਸਟਮਰ ਇਨਫਰਮੇਸ਼ਨ ਫੋਨ (ਸਟੇਸ਼ਨ ਦੇ ਅੱਗੇ ਹੁੰਦਾ ਹੈ) ਜਾਂ ਸਕਾਈਟ੍ਰੇਨ ਪਲੇਟਫਾਰਮਾਂ ਉੱਪਰ ਲਾਲ ਐਮਰਜੰਸੀ ਟੈਲੀਫੋਨ ਲੱਭੋ।




## ਅਸਿਸਟਡ ਡਿਵਾਇਸ ਪ੍ਰੋਗਰਾਮ

- ਇਹ ਪ੍ਰੋਗਰਾਮ ਅਪਾਹਜਤਾਵਾਂ ਵਾਲੇ ਉਨ੍ਹਾਂ ਗਾਹਕਾਂ ਦੀ ਮਦਦ ਕਰਦਾ ਹੈ ਜਿਹੜੇ ਗੇਟਿਡ ਸਿਸਟਮ ਤੱਕ ਪਹੁੰਚ ਕਰਨ ਲਈ ਕੰਪਸ ਕਾਰਡ ਨੂੰ ਟੈਪ ਕਰਨ ਦੇ ਅਯੋਗ ਹੁੰਦੇ ਹਨ। ਮਦਦ ਕਰਨ ਵਾਲੇ ਯੰਤਰ ਦੀ ਚੋਣ ਅਤੇ ਕਿਸਮ ਵਿਅਕਤੀ ਦੀਆਂ ਲੋੜਾਂ ਅਤੇ ਸਮਰਥਾਵਾਂ ’ਤੇ ਨਿਰਭਰ ਕਰਦੀ ਹੈ।
- ਇਸ ਵਿਚ ਟ੍ਰਾਂਸਲਿੰਕ ਦੇ ਯੂਨੀਵਰਸਲ ਫੇਅਰ ਗੇਟ ਐਕਸੈੱਸ ਪ੍ਰੋਗਰਾਮ ਲਈ ਯੋਗਤਾ ਸ਼ਾਮਲ ਹੋ ਸਕਦੀ ਹੈ ਜਿੱਥੇ ਯੋਗ ਗਾਹਕਾਂ ਨੂੰ ਰੇਡਿਓ-ਫ੍ਰੀਕੁਐਂਸੀ ਆਈਡੈਂਟੀਫੀਕੇਸ਼ਨ (ਆਰ ਐੱਫ ਆਈ ਡੀ) ਇਨਏਬਲਡ ਕਾਰਡ ਮਿਲਦਾ ਹੈ ਜਿਹੜਾ ਉਨ੍ਹਾਂ ਦੇ ਨੇੜੇ ਦੀ ਰੇਂਜ ਵਿਚ ਜਾਣ ਵੇਲੇ ਆਪਣੇ ਆਪ ਹੀ ਪਹੁੰਚਯੋਗ ਫੇਅਰ ਗੇਟਸ ਨੂੰ ਖੋਲ੍ਹਦਾ ਹੈ।
- ਮਦਦ ਕਰਨ ਵਾਲਾ ਯੰਤਰ ਲੈਣ ਦੀ ਸੰਭਾਵਨਾ ਬਾਰੇ ਵਿਚਾਰ ਕਰਨ ਵਾਸਤੇ ਟ੍ਰਾਂਸਲਿੰਕ ਦੇ ਐਕਸੈੱਸ ਟ੍ਰਾਂਜ਼ਿਟ ਪਲੈਨਿੰਗ ਗਰੁੱਪ ਨਾਲ ਗੱਲ ਕਰਨ ਲਈ **604.953.3698** ਨੂੰ ਫੋਨ ਕਰੋ।






## ਹੈਂਡੀਕਾਰਡ

ਹੈਂਡੀਕਾਰਡ ਪੱਕੀਆਂ ਅਪਾਹਜਤਾਵਾਂ ਵਾਲੇ ਉਨ੍ਹਾਂ ਗਾਹਕਾਂ ਨੂੰ ਆਮ ਪਬਲਿਕ ਟ੍ਰਾਂਜ਼ਿਟ ਵਰਤਣ ਦੀ ਆਗਿਆ ਦਿੰਦਾ ਹੈ ਜਿਨ੍ਹਾਂ ਨੂੰ ਇਹ ਕਰਨ ਲਈ ਮਦਦ ਦੀ ਲੋੜ ਹੁੰਦੀ ਹੈ:

- ਬੱਸ, ਸਕਾਈਟ੍ਰੇਨ, ਸੀਅਬੱਸ ਅਤੇ ਵੈੱਸਟ ਕੋਸਟ ਐਕਸਪ੍ਰੈਸ ਉੱਪਰ ਰਿਆਇਤੀ ਕਿਰਾਇਆਂ ’ਤੇ ਸਫਰ ਕਰਨ ਅਤੇ ਨਾਲ ਮੁਫਤ ਅਟੈਂਡੈਂਟ ਲਿਆਉਣ ਦੀ।
- ਗਾਹਕਾਂ ਨੂੰ ਟੈਕਸੀ ਦੇ ਕਿਰਾਇਆਂ ਵਿਚ 50% ਤੱਕ ਛੋਟ ਲਈ ਪ੍ਰਤੀ ਮਹੀਨਾ 100 ਡਾਲਰ ਤੱਕ ਟੈਕਸੀਸੇਵਰਜ਼ ਖਰੀਦਣ ਦੀ।

ਯੋਗ ਹੋਣ ਲਈ, ਤੁਹਾਡਾ 12 ਸਾਲ ਜਾਂ ਜ਼ਿਆਦਾ ਉਮਰ ਦੇ ਹੋਣਾ ਜ਼ਰੂਰੀ ਹੈ, ਅਤੇ ਤੁਹਾਡਾ ਟ੍ਰਾਂਸਲਿੰਕ ਦੀ ਸਰਵਿਸ ਵਾਲੇ ਇਲਾਕੇ ਵਿਚ ਰਹਿੰਦੇ ਹੋਣਾ ਜ਼ਰੂਰੀ ਹੈ।

ਜ਼ਿਆਦਾ ਜਾਣਕਾਰੀ ਲਈ **ਐਕਸੈੱਸ ਟ੍ਰਾਂਜ਼ਿਟ ਕਸਟਮਰ ਕੇਅਰ** ਨਾਲ **604.953.3680** ’ਤੇ ਸੰਪਰਕ ਕਰੋ।

## ਹੈਂਡੀਡਾਰਟ

ਹੈਂਡੀਡਾਰਟ ਸਰੀਰਕ ਜਾਂ ਦਿਮਾਗੀ ਅਪਾਹਜਤਾਵਾਂ ਵਾਲੇ ਉਨ੍ਹਾਂ ਮੁਸਾਫਰਾਂ ਲਈ ਇਕ ਪਬਲਿਕ ਟ੍ਰਾਂਜ਼ਿਟ ਸਰਵਿਸ ਹੈ ਜਿਹੜੇ ਮੈਟਰੋ ਵੈਨਕੂਵਰ ਵਿਚ ਮਦਦ ਤੋਂ ਬਿਨਾਂ ਆਮ ਪਬਲਿਕ ਟ੍ਰਾਂਜ਼ਿਟ ਦੀ ਵਰਤੋਂ ਕਰਨ ਦੇ ਅਯੋਗ ਹਨ। ਜ਼ਿਆਦਾ ਜਾਣਕਾਰੀ ਲਈ, ਕਿਰਪਾ ਕਰਕੇ **604.575.6600** ’ਤੇ ਫੋਨ ਕਰੋ।




# ਸਫ਼ਰ ਕਰਨ ਲਈ ਸੁਝਾਅ

## ਸਟੇਸ਼ਨ ਅਸਿਸਟੈਂਸ ਪ੍ਰੋਗਰਾਮ

- ਜੇ ਤੁਹਾਨੂੰ ਕੋਈ ਅਪਾਹਜਤਾ (ਡਿਸਏਬਿਲਟੀ) ਹੈ ਅਤੇ ਤੁਹਾਨੂੰ ਸਟੇਸ਼ਨ ’ਤੇ ਮਦਦ ਦੀ ਲੋੜ ਹੈ ਤਾਂ ਕਿਰਪਾ ਕਰਕੇ **604.520.5518** ’ਤੇ ਫੋਨ ਕਰੋ:
  - ਕਿਸੇ ਅਟੈਂਡੈਂਟ ਨੂੰ ਮਿਲਣ ਅਤੇ ਆਪਣੀ ਮਦਦ ਲਈ (ਸਟੇਸ਼ਨ ’ਤੇ ਪਹੁੰਚਣ ਤੋਂ ਘੱਟੋ ਘੱਟ 10 ਮਿੰਟ ਪਹਿਲਾਂ ਫੋਨ ਕਰੋ)।
  - ਰਿਮੋਟ ਗੇਟ ਨੂੰ ਖੋਲ੍ਹਣ ਦੇ ਯੋਗ ਹੋਣ ਲਈ।
  - ਸਟੇਸ਼ਨ ਵਿਚ ਚੱਲਣ ਜਾਂ ਟਰੇਨ ’ਤੇ ਚੜ੍ਹਨ ਵਿਚ ਮਦਦ ਲਈ ਜੇ ਤੁਸੀਂ ਕਮਜ਼ੋਰ ਨਜ਼ਰ ਵਾਲੇ ਗਾਹਕ ਹੋ।

## ਟ੍ਰਾਂਜ਼ਿਟ ਸੂਚਨਾਵਾਂ

- ਸੂਚਨਾਵਾਂ ਵਿਚ ਸਰਵਿਸ ਵਿਚ ਵਿਘਨ, ਐਲੀਵੇਟਰ/ਐਸਕਾਲੇਟਰ ਦਾ ਬੰਦ ਹੋਣਾ, ਕਨਸਟਰੱਕਸ਼ਨ ਅਤੇ ਰੀਰੂਟਸ ਸ਼ਾਮਲ ਹਨ।
- ਟ੍ਰਾਂਜ਼ਿਟ ਦੀਆਂ ਤਾਜ਼ਾ ਸੂਚਨਾਵਾਂ ਲਈ **translink.ca/alerts** ’ਤੇ ਜਾਉ। ਟੈਕਸਟ ਜਾਂ ਈਮੇਲ ਸੂਚਨਾਵਾਂ ਲਈ ਸਬਸਕ੍ਰਿਪਸ਼ਨ ਉਪਲਬਧ ਹੈ।
- ਸਫ਼ਰ ਦੌਰਾਨ ਟ੍ਰਾਂਜ਼ਿਟ ਬਾਰੇ ਤਾਜ਼ਾ ਜਾਣਕਾਰੀ ਲਈ ਟ੍ਰਾਂਸਲਿੰਕ ਦੇ ਟਵਿਟਰ ਅਕਾਊਂਟ **@TransLink** ਲਈ ਸਬਸਕਰਾਈਬ ਕਰੋ।




## ਸਫ਼ਰ ਦੀ ਵਿਉਂਤਬੰਦੀ

- ਟ੍ਰਾਂਸਲਿੰਕ ਦੀ ਸਰਵਿਸ ਵਾਲੇ ਇਲਾਕੇ ਵਿਚ ਕਿਸੇ ਵੀ ਟਿਕਾਣੇ ’ਤੇ ਜਾਣ ਲਈ ਟ੍ਰਾਂਜ਼ਿਟ ਬਾਰੇ ਵਿਸਥਾਰ ਵਿਚ ਜਾਣਕਾਰੀ ਲਈ **translink.ca** ’ਤੇ ਟ੍ਰਿਪ ਪਲੈਨਰ ਦੀ ਵਰਤੋਂ ਕਰੋ ਜਾਂ ਕਸਟਮਰ ਸਰਵਿਸ ਨੂੰ **604.953.3333** ’ਤੇ ਫੋਨ ਕਰੋ।
- ਜੇ ਤੁਹਾਨੂੰ ਸਕਾਈਟ੍ਰੇਨ ਦੇ ਸਟੇਸ਼ਨਾਂ ਉੱਪਰ ਟ੍ਰਿਪ ਪਲੈਨਿੰਗ ਵਿਚ ਮਦਦ ਦੀ ਲੋੜ ਹੋਵੇ ਤਾਂ ਕਿਰਪਾ ਕਰਕੇ ਨੇੜੇ ਦਾ ਸਕਾਈਟ੍ਰੇਨ ਅਟੈਂਡੈਂਟ ਲੱਭੋ ਜਾਂ ਕਸਟਮਰ ਇਨਫਰਮੇਸ਼ਨ ਫੋਨ ਵਰਤੋ ਜੋ ਕਿ ਸਟੇਸ਼ਨ ਦੇ ਸਾਹਮਣੇ ਹੁੰਦਾ ਹੈ।

## ਸਫ਼ਰ ਲਈ ਟਰੇਨਿੰਗ

- ਇਲਾਕੇ ਭਰ ਵਿਚ ਕਮਿਊਨਟੀ ਗਰੁੱਪਾਂ ਦੀ ਹਿੱਸੇਦਾਰੀ ਨਾਲ, ਟ੍ਰਾਂਸਲਿੰਕ ਸੀਨੀਅਰਾਂ ਅਤੇ ਅਪਾਹਜਤਾਵਾਂ ਵਾਲੇ ਲੋਕਾਂ ਦੀ ਆਜ਼ਾਦ ਸਫ਼ਰ ਕਰਨ ਵਿਚ ਮਦਦ ਲਈ ਵੱਡੇ ਗਰੁੱਪਾਂ ਵਿਚ ਜਾਣਕਾਰੀ ਦੇਣ ਵਾਲੀਆਂ ਵਰਕਸ਼ਾਪਾਂ ਲਾਉਂਦੀ ਹੈ।
- ਟਰੇਨ ਦਿ ਟਰੇਨਰ ਵਰਕਸ਼ਾਪਾਂ ਸਟਾਫ ਅਤੇ ਉਨ੍ਹਾਂ ਵਾਲੰਟੀਅਰਾਂ ਲਈ ਪੇਸ਼ ਕੀਤੀਆਂ ਜਾਂਦੀਆਂ ਹਨ ਜਿਹੜੇ ਸੀਨੀਅਰਾਂ ਅਤੇ ਅਪਾਹਜਤਾਵਾਂ ਵਾਲੇ ਲੋਕਾਂ ਦੀ ਮਦਦ ਕਰਦੇ ਹਨ।
- ਜ਼ਿਆਦਾ ਜਾਣਕਾਰੀ ਲਈ ਜਾਂ ਵਰਕਸ਼ਾਪ ਦੀ ਬੇਨਤੀ ਕਰਨ ਜਾਂ ਆਪਣੇ ਨੇੜੇ ਵਰਕਸ਼ਾਪ ਲੱਭਣ ਲਈ ਕਿਰਪਾ ਕਰਕੇ **604.953.3636** ’ਤੇ ਫੋਨ ਕਰੋ।



# ਕਿਰਾਏ ਦੀਆਂ ਵਸਤਾਂ ਅਤੇ ਜਾਣਕਾਰੀ

## ਕੰਪਸ ਕਾਰਡ




*6 ਡਾਲਰ ਦਾ ਵਾਪਸ ਕਰਨ ਯੋਗ ਡਿਪਾਜ਼ਿਟ ਚਾਹੀਦਾ ਹੈ।*

**ਸਟੋਰਡ ਵੈਲਯੂ**

- ਆਪਣਾ ਕਾਰਡ 5 ਡਾਲਰ ਜਾਂ ਜ਼ਿਆਦਾ ਨਾਲ ਲੋਡ ਕਰੋ।
- ਹਰ ਟ੍ਰਿਪ ਲਈ ਸਿਸਟਮ ਆਪਣੇ ਆਪ ਹੀ ਸਹੀ ਕਿਰਾਇਆ ਕੱਟ ਲੈਂਦਾ ਹੈ।

**ਪਾਸ**

- **ਮਹੀਨਾਵਾਰ ਪਾਸ** – 1–, 2–, ਜਾਂ 3–ਜ਼ੋਨ ਵਿਚ ਸਫ਼ਰ ਲਈ ਵੇਚਿਆ ਜਾਂਦਾ ਹੈ।
- **ਡੇਅ ਪਾਸ** – ਖਰੀਦਣ ਵਾਲੇ ਦਿਨ, ਸਰਵਿਸ ਦੇ ਅੰਤ ਤੱਕ ਬੇਅੰਤ ਟ੍ਰਿਪ।

**ਪਾਰਟਨਰ ਕੰਪਸ ਕਾਰਡ**

ਸੀ ਐੱਨ ਆਈ ਬੀ ਨੈਸ਼ਨਲ ਆਈ ਡੀ ਕਾਰਡ ਅਤੇ ਬੀ ਸੀ ਸਰਕਾਰ ਦਾ ਬੱਸ ਪਾਸ *(ਜ਼ਿਆਦਾ ਜਾਣਕਾਰੀ ਸੱਜੇ ਪਾਸੇ)*

**ਜਾਂ**

## ਕਿਰਾਇਆ ਦੇਣ ਲਈ ਟੈਪ ਕਰੋ

- ਕੰਪਸ ਵੇਚਣ ਵਾਲੀ ਮਸ਼ੀਨ ’ਤੇ ਲਾਈਨ ਵਿਚ ਨਾ ਲੱਗੋ।
- ਸੰਪਰਕ ਰਹਿਤ *ਇੰਟਰਐਕ* ਡੈਬਿਟ, ਅਮੈਰੇਕਨ ਐਕਸਪ੍ਰੈੱਸ, ਮਾਸਟਰ ਕਾਰਡ, ਵੀਜ਼ਾ ਜਾਂ ਮੋਬਾਇਲ ਵਾਲਿਟ ਨਾਲ ਕਿਰਾਇਆ ਦੇਣ ਲਈ ਟੈਪ ਕਰੋ। ਬਾਲਗ ਨਗਦ ਕਿਰਾਇਆ ਦੇਣਾ ਪੈਂਦਾ ਹੈ।

**ਜਾਂ**

## ਇਕ ਵਾਰੀ ਵਰਤਣ ਲਈ ਟਿਕਟ





- ਟ੍ਰਾਂਜ਼ਿਟ ਦੇ ਕਿਸੇ ਵੀ ਰੂਪ ’ਤੇ ਟੈਪ ਕਰਨ ਤੋਂ 90 ਮਿੰਟਾਂ ਲਈ ਬੇਅੰਤ ਟ੍ਰਾਂਸਫਰਜ਼ (ਵੈੱਸਟ ਕੋਸਟ ਐਕਸਪ੍ਰੈਸ ਤੋਂ ਬਿਨਾਂ)
- ਸਿਰਫ ਖਰੀਦਣ ਵਾਲੇ ਦਿਨ ਹੀ ਯੋਗ ਹੈ

**ਸਵਾਲ ਹਨ?**

**translink.ca** ’ਤੇ ਜਾਉ ਜਾਂ **604.953.3333** ’ਤੇ ਫੋਨ ਕਰੋ।

# ਮੈਟਰੋ ਵੈਨਕੂਵਰ ਸਕਾਈਟ੍ਰੇਨ ਨੈੱਟਵਰਕ




**ਡਿਸਕਲੇਮਰ: ਟ੍ਰਾਂਸਲਿੰਕ ਸਾਰੇ ਮੈਟਰੋ ਵੈਨਕੂਵਰ ਨੂੰ ਟ੍ਰਾਂਜ਼ਿਟ ਦੀਆਂ ਸੇਵਾਵਾਂ ਪ੍ਰਦਾਨ ਕਰਦੀ ਹੈ ਜਿਸ ਵਿਚ ਲਾਇਨਜ਼ ਬੇਅ, ਬੋਵਨ ਆਈਲੈਂਡ, ਵੈੱਸਟ ਵੈਨਕੂਵਰ, ਮੇਪਲ ਰਿਜ, ਪਿਟ ਮਿਡੋਜ਼, ਯੂ ਬੀ ਸੀ, ਟਵਾਸਨ, ਲੈਂਗਲੀ ਅਤੇ ਵਾਈਟ ਰੌਕ ਵੀ ਸ਼ਾਮਲ ਹਨ।**

## ਪਾਰਟਨਰ ਕੰਪਸ ਕਾਰਡ

**ਸੀ ਐੱਨ ਆਈ ਬੀ ਨੈਸ਼ਨਲ ਆਈ ਡੀ ਕਾਰਡ**

ਸੀ ਐੱਨ ਆਈ ਬੀ ਨੈਸ਼ਨਲ ਆਈ ਡੀ ਕਾਰਡ, ਸੀ ਐੱਨ ਆਈ ਬੀ ਫਾਊਂਡੇਸ਼ਨ ਦੇ ਮੈਟਰੋ ਵੈਨਕੂਵਰ ਦੇ ਕਲਾਇੰਟਾਂ ਲਈ ਹਨ। ਇਹ ਕਾਰਡ ਕੰਪਸ ਕਾਰਡ ਦੇ ਤੌਰ ’ਤੇ ਵੀ ਕੰਮ ਕਰਦਾ ਹੈ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **604.431.2121** ’ਤੇ ਫੋਨ ਕਰੋ।

**ਬੀ ਸੀ ਸਰਕਾਰ ਦਾ ਬੱਸ ਪਾਸ**

ਜੇ ਤੁਸੀਂ ਬੀ ਸੀ ਤੋਂ ਹੋ ਅਤੇ ਬੀ ਸੀ ਮਨਿਸਟਰੀ ਔਫ ਸੋਸ਼ਲ ਡਿਵੈਲਪਮੈਂਟ ਐਂਡ ਪੌਵਰਟੀ ਰਿਡਕਸ਼ਨ ਤੋਂ ਹੋਰ ਮਦਦ ਲਈ ਯੋਗ ਹੋ ਤਾਂ ਤੁਸੀਂ ਬੀ ਸੀ ਬੱਸ ਪਾਸ ਪ੍ਰੋਗਰਾਮ ਲਈ ਹੱਕਦਾਰ ਹੋ ਸਕਦੇ ਹੋ। ਜ਼ਿਆਦਾ ਜਾਣਕਾਰੀ ਲਈ ਕਿਰਪਾ ਕਰਕੇ **1.866.866.0800** ’ਤੇ ਫੋਨ ਕਰੋ।

# ਸੇਫਟੀ ਅਤੇ ਐਮਰਜੰਸੀਆਂ

**ਟ੍ਰਾਂਜ਼ਿਟ ਦੀਆਂ ਸਾਡੀਆਂ ਸਾਰੀਆਂ ਸੇਵਾਵਾਂ ਉੱਪਰ ਸੇਫਟੀ ਟ੍ਰਾਂਸਲਿੰਕ ਲਈ ਸਭ ਤੋਂ ਉੱਪਰ ਹੈ।** ਟ੍ਰਾਂਜ਼ਿਟ ਉੱਪਰ ਸੇਫਟੀ ਦੇ ਕੁਝ ਇਹ ਫੀਚਰ ਉਪਲਬਧ ਹਨ। ਗੈਰ–ਐਮਰਜੰਸੀਆਂ ਲਈ, ਤੁਸੀਂ **87.77.77** ’ਤੇ ਟੈਕਸਟ ਕਰਕੇ ਟ੍ਰਾਂਜ਼ਿਟ ਪੁਲੀਸ ਤੱਕ ਪਹੁੰਚ ਕਰ ਸਕਦੇ ਹੋ। ਕਿਸੇ ਐਮਰਜੰਸੀ ਦੀ ਸੂਰਤ ਵਿਚ ਸਦਾ **911** ਨੂੰ ਫੋਨ ਕਰੋ।



## ਸਕਾਈਟ੍ਰੇਨ

- ਮਦਦ ਲਈ ਸਕਾਈਟ੍ਰੇਨ ਦੇ ਅਟੈਂਡੈਂਟ ਨਾਲ ਗੱਲ ਕਰੋ।
- ਖਾਮੋਸ਼ ਅਲਾਰਮ ਹਰ ਖਿੜਕੀ ਦੇ ਉੱਪਰ ਇਕ ਪੀਲੀ ਪੱਟੀ ਹੈ ਜਿਹੜੀ ਸੁਰੱਖਿਆ ਦੇ ਕਿਸੇ ਮਸਲੇ ਦੀ ਸੂਰਤ ਵਿਚ ਮੁਸਾਫਰਾਂ ਨੂੰ ਚੁੱਪ ਚਾਪ ਸਾਡੀ ਟੀਮ ਨੂੰ ਸੂਚਿਤ ਕਰਨ ਦਿੰਦੀ ਹੈ। ਮਦਦ ਛੇਤੀ ਤੋਂ ਛੇਤੀ ਪਹੁੰਚੇਗੀ।
- ਸਪੀਕਰ ਫੋਨ ਜ਼ਰੂਰੀ ਸਹਾਇਤਾ ਲਈ ਸਕਾਈਟ੍ਰੇਨ ਕੰਟਰੋਲ ਓਪਰੇਟਰਾਂ ਨਾਲ ਦੋ ਪਾਸੀ ਗੱਲ ਕਰਵਾਉਂਦਾ ਹੈ। ਇਹ ਹਰ ਡੱਬੇ ਵਿਚ ਦਰਵਾਜ਼ਿਆਂ ਨੇੜੇ ਹੈ।
- ਐਮਰਜੰਸੀ ਕੈਬਨਿਟਸ ਸਕਾਈਟ੍ਰੇਨ ਦੇ ਪਲੇਟਫਾਰਮਾਂ ਉੱਪਰ ਹਨ ਅਤੇ ਇਹ ਲਾਲ ਐਮਰਜੰਸੀ ਟੈਲੀਫੋਨ ਨਾਲ ਲੈਸ ਹਨ ਅਤੇ ਇਨ੍ਹਾਂ ’ਤੇ ਕਲੋਜ਼ਡ–ਸਰਕਟ ਟੈਲੀਵੀਜ਼ਨ ਰਾਹੀਂ ਨਿਗਰਾਨੀ ਰੱਖੀ ਜਾਂਦੀ ਹੈ।



## ਬੱਸ

- ਕਿਸੇ ਐਮਰਜੰਸੀ ਵਿਚ, ਮਦਦ ਲਈ ਬੱਸ ਡਰਾਈਵਰ ਨਾਲ ਗੱਲ ਕਰੋ। ਸੇਫਟੀ ਜਾਂ ਸੁਰੱਖਿਆ ਦੇ ਕਿਸੇ ਮਸਲੇ ਦੀ ਸੂਰਤ ਵਿਚ ਮਦਦ ਕਰਨ ਲਈ ਡਰਾਈਵਰ ਐਮਰਜੰਸੀ ਸੰਪਰਕ ਪੋਆਇੰਟ ਨਾਲ ਗੱਲ ਕਰ ਸਕਦੇ ਹਨ।
- ਰਾਤ ਦੇ 9 ਵਜੇ ਤੋਂ ਸਵੇਰ ਦੇ 5 ਵਜੇ ਤੱਕ, ਜੇ ਤੁਸੀਂ ਦੋ ਰੈਗੂਲਰ ਸਟੌਪਾਂ ਦੇ ਵਿਚਕਾਰ ਕਿਸੇ ਪੋਆਇੰਟ ’ਤੇ ਬੱਸ ਤੋਂ ਉਤਰਨ ਵਿਚ ਜ਼ਿਆਦਾ ਸੁਰੱਖਿਅਤ ਮਹਿਸੂਸ ਕਰਦੇ ਹੋਵੋ ਤਾਂ ਤੁਸੀਂ “ਸਟੌਪ ਲਈ ਬੇਨਤੀ” ਕਰ ਸਕਦੇ ਹੋ। ਡਰਾਈਵਰ ਤੁਹਾਨੂੰ ਉੱਥੇ ਲਾਹ ਦੇਵੇਗਾ ਜੇ ਅਜਿਹਾ ਕਰਨਾ ਸੁਰੱਖਿਅਤ ਹੈ।



## ਸੀਅਬੱਸ

- ਕਿਸੇ ਐਮਰਜੰਸੀ ਦੀ ਸੂਰਤ ਵਿਚ, ਕਿਰਪਾ ਕਰਕੇ ਸੀਅਬੱਸ ਦੇ ਅਮਲੇ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ। ਉਹ ਐਮਰਜੰਸੀ ਦੀਆਂ ਸਾਰੀਆਂ ਕਿਸਮਾਂ ਦੀਆਂ ਹਾਲਤਾਂ ਲਈ ਵੱਡੇ ਪੱਧਰ ’ਤੇ ਟਰੇਂਡ ਹੁੰਦੇ ਹਨ।
- ਲਾਈਫ ਜੈਕਟਾਂ ਹਰ ਸੀਟ ਥੱਲੇ ਹਨ ਅਤੇ ਹਰ ਸੀਅਬੱਸ ਉੱਪਰ ਚਾਰ ਲਾਈਫ ਰਾਫਟਸ ਹਨ।



# ਮੈਟਰੋ ਵੈਨਕੂਵਰ ਵਿਚ ਪਹੁੰਚਯੋਗ ਟ੍ਰਾਂਜ਼ਿਟ

ਟ੍ਰਾਂਸਲਿੰਕ ਨੂੰ ਕੈਨੇਡਾ ਵਿਚ ਸਭ ਤੋਂ ਪਹੁੰਚਯੋਗ ਟ੍ਰਾਂਜ਼ਿਟ ਸਿਸਟਮਾਂ ਵਿੱਚੋਂ ਇਕ ਪ੍ਰਦਾਨ ਕਰਨ ਦੀ ਖੁਸ਼ੀ ਹੈ ਜੋ ਅਪਾਹਜਤਾਵਾਂ ਵਾਲੇ ਗਾਹਕਾਂ ਲਈ ਵੱਖ ਵੱਖ ਕਿਸਮਾਂ ਦੇ ਪਹੁੰਚਯੋਗ ਫੀਚਰ ਅਤੇ ਸੇਵਾਵਾਂ ਦਿੰਦਾ ਹੈ।